ਮਿੱਠੇ ਬੱਚੇ:- ਹੁਣ ਵਾਪਿਸ ਘਰ ਜਾਣਾ ਹੈ ਇਸਲਈ ਬਾਪ ਨੂੰ ਯਾਦ ਕਰਨ ਅਤੇ ਆਪਣੇ ਚਰਿਤ੍ਰ ਨੂੰ ਸੁਧਾਰਣ ਦੀ ਮਿਹਨਤ ਕਰੋ।

ਪ੍ਰਸ਼ਨ:- ਪ੍ਰਸ਼ਨ :- ਅਗਿਆਨ ਨੀਂਦ ਵਿੱਚ ਸੋਣ ਵਾਲੀ ਕਿਹੜੀ ਗੱਲ ਹੈ? ਉਸ ਨਾਲ ਨੁਕਸਾਨ ਕੀ ਹੋਇਆ ਹੈ?

ਉੱਤਰ:- ਕਲਪ ਦੀ ਉਮਰ ਲੱਖਾਂ ਵਰ੍ਹੇ ਕਹਿਣਾ, ਇਹ ਅਗਿਆਨ ਦੀ ਨੀਂਦ ਵਿੱਚ ਸਵਾਉਣ ਵਾਲੀ ਗੱਲ ਹੈ। ਇਸ ਨਾਲ ਗਿਆਨ ਨੇਤਰਹੀਣ ਹੋ ਗਏ ਹਨ। ਘਰ ਨੂੰ ਬਹੁਤ ਦੂਰ ਸਮਝਦੇ ਹਨ। ਬੁੱਧੀ ਵਿੱਚ ਹੈ, ਹਾਲੇ ਤੇ ਲੱਖਾਂ ਵਰ੍ਹੇ ਇੱਥੇ ਹੀ ਸੁੱਖ -ਦੁੱਖ ਦਾ ਪਾਰ੍ਟ ਵਜਾਉਣਾ ਹੈ। ਇਸਲਈ ਪਾਵਨ ਬਣਨ ਦੀ ਮਿਹਨਤ ਨਹੀਂ ਕਰਦੇ ਹਨ। ਤੁਸੀਂ ਬੱਚੇ ਜਾਣਦੇ ਹੋ ਹੁਣ ਘਰ ਬਹੁਤ ਨਜ਼ਦੀਕ ਹੈ। ਅੱਜ ਸਾਨੂੰ ਮਿਹਨਤ ਕਰਕੇ ਕਰਮਾਂਤੀਤ ਬਣਨਾ ਹੈ।

ਓਮ ਸ਼ਾਂਤੀ । ਮਿੱਠੇ - ਮਿੱਠੇ ਬੱਚਿਆਂ ਨੂੰ ਬਾਪ ਨੇ ਘਰ ਯਾਦ ਦਵਾਇਆ ਹੈ। ਭਾਵੇਂ ਭਗਤੀ ਮਾਰਗ ਵਿੱਚ ਵੀ ਘਰ ਨੂੰ ਯਾਦ ਕਰਦੇ ਹਨ ਪਰ ਉੱਥੇ ਜਾਣਾ ਕਦੋਂ ਹੈ, ਕਿਵੇਂ ਜਾਣਾ ਹੈ, ਉਹ ਕੁਝ ਨਹੀਂ ਜਾਣਦੇ। ਕਲਪ ਦੀ ਉਮਰ ਲੱਖਾਂ ਵਰ੍ਹੇ ਕਹਿ ਦੇਣ ਕਾਰਨ ਘਰ ਵੀ ਭੁੱਲ ਗਿਆ ਹੈ। ਸਮਝਦੇ ਹਨ ਲੱਖਾਂ ਵਰ੍ਹੇ ਤੋਂ ਇਥੇ ਹੀ ਪਾਰ੍ਟ ਵਜਾਉਂਦੇ ਹਾਂ ਤੇ ਘਰ ਭੁੱਲ ਜਾਂਦਾ ਹੈ। ਹੁਣ ਬਾਪ ਯਾਦ ਦਵਾਉਂਦੇ ਹਨ - ਬੱਚੇ ਘਰ ਤਾਂ ਬਹੁਤ ਨਜ਼ਦੀਕ ਹੈ, ਹੁਣ ਚੱਲੋਗੇ ਆਪਣੇ ਘਰ! ਮੈਂ ਤਾਂ ਤੁਸੀਂ ਬੱਚਿਆਂ ਦੇ ਬੁਲਾਵੇ ਤੇ ਆਇਆ ਹਾਂ। ਚੱਲੋਗੇ? ਕਿੰਨੀ ਸਹਿਜ ਗੱਲ ਹੈ। ਭਗਤੀ ਮਾਰਗ ਵਿੱਚ ਤੇ ਪਤਾ ਵੀ ਨਹੀਂ ਲਗਦਾ ਕਿ ਕਦੋਂ ਮੁਕਤੀਧਾਮ ਵਿੱਚ ਜਾਵਾਂਗੇ। ਮੁਕਤੀ ਨੂੰ ਹੀ ਘਰ ਕਿਹਾ ਜਾਂਦਾ ਹੈ। ਲੱਖਾਂ ਵਰ੍ਹੇ ਕਹਿ ਦੇਣ ਨਾਲ ਸਭ ਭੁੱਲ ਜਾਂਦੇ ਹਨ। ਬਾਪ ਨੂੰ ਵੀ ਤੇ ਘਰ ਨੂੰ ਭੁੱਲ ਜਾਂਦੇ ਹਨ। ਲੱਖਾਂ ਵਰ੍ਹੇ ਕਹਿਣ ਨਾਲ ਬਹੁਤ ਫ਼ਰਕ ਪਾ ਜਾਂਦਾ ਹੈ। ਅਗਿਆਨ ਨੀਂਦ ਵਿੱਚ ਜਿਵੇਂ ਸੋ ਜਾਂਦੇ ਹਨ। ਕਿਸੇਨੂੰ ਵੀ ਸਮਝ ਵਿੱਚ ਨਹੀਂ ਆਉਂਦਾ। ਭਗਤੀ ਮਾਰਗ ਵਿੱਚ ਘਰ ਨੂੰ ਕਿੰਨਾ ਦੂਰ ਦੱਸਦੇ ਹਨ। ਬਾਪ ਕਹਿੰਦੇ ਹਨ ਉਸ ਮੁਕਤੀਧਾਮ ਵਿੱਚ ਤਾਂ ਹਾਲੇ ਜਾਣਾ ਹੈ। ਇਵੇਂ ਥੋੜੀ ਹੈ ਤੁਸੀਂ ਕੋਈ ਲੱਖਾਂ ਵਰ੍ਹੇ ਭਗਤੀ ਕਰਦੇ ਹੋ। ਤੁਹਾਨੂੰ ਪਤਾ ਨਹੀਂ ਹੈ ਕਿ ਭਗਤੀ ਕਦੋਂ ਤੋਂ ਸ਼ੁਰੂ ਹੋਈ ਹੈ। ਲੱਖਾਂ ਵਰ੍ਹੇ ਦਾ ਹਿਸਾਬ ਕਰਨ ਦੀ ਤਾਂ ਲੋੜ ਹੀ ਨਹੀਂ। ਬਾਪ ਅਤੇ ਘਰ ਨੂੰ ਭੁੱਲ ਜਾਂਦੇ ਹਨ। ਇਹ ਵੀ ਡਰਾਮੇ ਵਿੱਚ ਨੂੰਧ ਹੈ, ਪਰ ਨਾਹੇਕ ਇਤਨਾ ਦੂਰ ਕਰ ਦਿੰਦੇ ਹਨ। ਹੁਣ ਬਾਪ ਕਹਿੰਦੇ ਹਨ - ਬੱਚੇ, ਘਰ ਤੇ ਬਿਲਕੁਲ ਨਜਦੀਕ ਹੈ, ਹੁਣ ਮੈਂ ਆਇਆ ਹਾਂ ਤੁਹਾਨੂੰ ਲੈ ਚੱਲਣ। ਹੁਣ ਘਰ ਜਾਣਾ ਹੈ ਪਰ ਪਵਿੱਤਰ ਜਰੂਰ ਬਣਨਾ ਹੈ। ਗੰਗਾ ਸਨਾਨ ਆਦਿ ਤਾਂ ਤੁਸੀਂ ਕਰਦੇ ਆਏ ਹੋ, ਪਰ ਪਵਿੱਤਰ ਬਣੇ ਨਹੀਂ ਹੋ। ਜੇਕਰ ਪਵਿੱਤਰ ਬਣਦੇ ਤਾਂ ਘਰ ਚਲੇ ਜਾਂਦੇ, ਪਰ ਘਰ ਦਾ ਵੀ ਪਤਾ ਨਹੀਂ ਤਾਂ ਪਵਿੱਤਰਤਾ ਦਾ ਵੀ ਪਤਾ ਨਹੀਂ। ਅੱਧਾਕਲਪ ਤੋਂ ਭਗਤੀ ਕੀਤੀ ਹੈ ਤਾਂ ਭਗਤੀ ਨੂੰ ਛੱਡਦੇ ਹੀ ਨਹੀਂ। ਹੁਣ ਬਾਪ ਕਹਿੰਦੇ ਹਨ ਭਗਤੀ ਪੂਰੀ ਹੁੰਦੀ ਹੈ। ਭਗਤੀ ਵਿੱਚ ਤਾਂ ਅਪਰਮਪਾਰ ਦੁੱਖ ਰਹਿੰਦਾ ਹੈ। ਇਵੇਂ ਨਹੀਂ ਕਿ ਤੁਸੀਂ ਬੱਚਿਆਂ ਨੇ ਲੱਖਾਂ ਵਰ੍ਹੇ ਦੁੱਖ ਦੇਖਿਆ ਹੈ, ਲੱਖਾਂ ਵਰ੍ਹੇ ਦੀ ਤਾਂ ਗੱਲ ਹੀ ਨਹੀਂ। ਸੱਚਾ -ਸੱਚਾ ਦੁੱਖ ਤਾਂ ਤੁਸੀਂ ਕਲਿਯੁਗ ਵਿੱਚ ਹੀ ਭੋਗਿਆ ਜਦੋਂ ਕਿ ਜਾਸਤੀ ਵਿਕਾਰਾਂ ਨਾਲ ਗੰਦੇ ਬਣੇ ਹੋ। ਪਹਿਲੇ ਜਦੋਂ ਰਜੋ ਵਿੱਚ ਸੀ ਤਾਂ ਕੁਝ ਸਮਝ ਸੀ, ਹੁਣ ਤਾਂ ਬਿਲਕੁਲ ਬੇਸਮਝ ਹੋ ਗਏ ਹੋ। ਹੁਣ ਬੱਚੇ ਕਹਿੰਦੇ ਹਨ ਸੁਖਧਾਮ ਚਲਣਾ ਹੈ ਤਾਂ ਪਾਵਨ ਬਣੋ। ਜਨਮ - ਜਨਮਾਂਤਰ ਦੇ ਜੋ ਪਾਪ ਸਿਰ ਤੇ ਹੈ, ਉਹਨਾਂ ਨੂੰ ਯਾਦ ਨਾਲ ਉਤਾਰੋ। ਯਾਦ ਨਾਲ ਬੜੀ ਖੁਸ਼ੀ ਰਹੇਗੀ। ਜੋ ਬਾਪ ਤੁਹਾਨੂੰ ਅੱਧਾਕਲਪ ਸੁਖਧਾਮ ਵਿੱਚ ਲੈ ਜਾਂਦੇ ਹਨ, ਉਹਨਾਂ ਨੂੰ ਯਾਦ ਕਰਨਾ ਹੈ। ਬਾਪ ਕਹਿੰਦੇ ਹਨ ਤੁਹਾਨੂੰ ਇਵੇਂ (ਲਕਸ਼ਮੀ -ਨਾਰਾਇਣ ਵਰਗੇ) ਬਣਨਾ ਹੈ ਤਾਂ ਇਕ ਤਾਂ ਪਵਿੱਤਰ ਬਣੋ ਅਤੇ ਚਰਿਤ੍ਰ ਸੁਧਾਰੋ। ਵਿਕਾਰਾਂ ਨੂੰ ਕਿਹਾ ਜਾਂਦਾ ਹੈ ਭੂਤ, ਲੋਭ ਦਾ ਵੀ ਭੂਤ ਘੱਟ ਨਹੀਂ ਹੈ। ਇਹ ਭੂਤ ਬਹੁਤ ਅਸ਼ੁੱਧ ਹੈ। ਮਨੁੱਖ ਨੂੰ ਇਕਦਮ ਗੰਦਾ ਬਣਾ ਦਿੰਦਾ ਹੈ। ਲੋਭ ਵੀ ਬਹੁਤ ਪਾਪ ਕਰਾਉਂਦਾ ਹੈ। 5 ਵਿਕਾਰ ਬਹੁਤ ਕੜ੍ਹੇ ਭੂਤ ਹਨ। ਇਹਨਾਂ ਸਭਨੂੰ ਛੱਡਣਾ ਹੈ। ਲੋਭ ਨੂੰ ਛੱਡਣਾ ਵੀ ਅਜਿਹਾ ਮੁਸ਼ਕਿਲ ਹੈ ਜਿਵੇਂ ਕਾਮ ਨੂੰ ਛੱਡਣਾ ਮੁਸ਼ਕਿਲ ਹੈ। ਮੋਹ ਨੂੰ ਛੱਡਣਾ ਵੀ ਇਨਾਂ ਮੁਸ਼ਕਿਲ ਹੋ ਜਾਂਦਾ ਹੈ। ਜਿਵੇਂ ਕਾਮ ਨੂੰ ਛੱਡਣਾ। ਛੱਡਦੇ ਹੀ ਨਹੀਂ। ਸਾਰੀ ਉਮਰ ਬਾਪ ਸਮਝਾਉਂਦੇ ਆਏ ਹਨ ਤਾਂ ਵੀ ਮੋਹ ਦੀ ਰਗ ਜੁਟੀ ਹੋਈ ਰਹਿੰਦੀ ਹੈ। ਕ੍ਰੋਧ ਵੀ ਮੁਸ਼ਕਿਲ ਛੁੱਟਦਾ ਹੈ। ਕਹਿੰਦੇ ਹਨ ਬੱਚੇ ਤੇ ਕ੍ਰੋਧ ਆਉਂਦਾ ਹੈ। ਨਾਮ ਤਾਂ ਕ੍ਰੋਧ ਦਾ ਲੈਂਦੇ ਹਨ ਨਾ। ਕੋਈ ਵੀ ਭੂਤ ਨਾ ਆਏ, ਉਹਨਾਂ ਤੇ ਵਿਜੇ ਪਾਉਣੀ ਹੈ।

ਬਾਪ ਕਹਿੰਦੇ ਹਨ ਜਦੋਂ ਤੱਕ ਮੈਂ ਹਾਂ ਉਦੋਂ ਤੱਕ ਤੁਸੀਂ ਪੁਰਸ਼ਾਰਥ ਕਰਦੇ ਰਹੋ। ਬਾਪ ਕਿੰਨੇ ਵਰ੍ਹੇ ਰਹਿਣਗੇ? ਬਾਪ ਇਤਨੇ ਵਰ੍ਹਿਆਂ ਤੋਂ ਬੈਠ ਸਮਝਾਉਂਦੇ ਹਨ, ਚੰਗਾ ਹੀ ਟਾਇਮ ਦਿੰਦੇ ਹਨ। ਸ੍ਰਿਸ਼ਟੀ ਚੱਕਰ ਨੂੰ ਜਾਨਣਾ ਤਾਂ ਬਹੁਤ ਸਹਿਜ ਹੈ। 7 ਦਿਨ ਵਿੱਚ ਸਾਰਾ ਗਿਆਨ ਬੁੱਧੀ ਵਿੱਚ ਆ ਜਾਂਦਾ ਹੈ। ਬਾਕੀ ਜਨਮ - ਜਨਮਾਂਤਰ ਦੇ ਪਾਪ ਕੱਟਣ ਦੇ ਪਾਪ ਕੱਟਣ ਵਿੱਚ ਦੇਰੀ ਲਗਦੀ ਹੈ। ਇਹ ਹੀ ਮੁਸ਼ਕਿਲਾਤ ਹੈ। ਉਸਨੂੰ ਬਾਬਾ ਟਾਇਮ ਦਿੰਦੇ ਹਨ। ਮਾਇਆ ਦਾ ਆਪੋਜਿਸ਼ਨ ਬਹੁਤ ਹੁੰਦਾ ਹੈ, ਇਕਦਮ ਭੁਲਾ ਦਿੰਦੀ ਹੈ। ਇੱਥੇ ਬੈਠਦੇ ਹਨ ਤਾਂ ਸਾਰਾ ਸਮੇਂ ਯਾਦ ਵਿੱਚ ਥੋੜੀਹੀ ਬੈਠਦੇ ਹਨ, ਬਹੁਤਿਆਂ ਵਲ ਬੁੱਧੀ ਚਲੀ ਜਾਂਦੀ ਹੈ, ਇਸਲਈ ਟਾਇਮ ਦੇਣਾ ਹੈ, ਮਿਹਨਤ ਕਰ ਕਰਮਾਤੀਤ ਅਵਸਥਾ ਨੂੰ ਪਾਉਣਾ ਹੈ। ਪੜ੍ਹਾਈ ਬਹੁਤ ਸਹਿਜ ਹੈ। ਸੈਂਸੀਬੁਲ ਬੱਚਾ ਹੋਵੇ ਤਾਂ 7 ਰੋਜ਼ ਵਿੱਚ ਸਾਰਾ ਗਿਆਨ ਸਮਝ ਲੈਣ ਕਿ ਇਹ 84 ਦਾ ਚਕ੍ਰ ਕਿਵੇਂ ਫਿਰਦਾ ਹੈ। ਬਾਕੀ ਪਵਿੱਤਰ ਬਣਨ ਵਿੱਚ ਹੈ ਮਿਹਨਤ। ਇਸ ਤੇ ਕਿੰਨੇ ਹੰਗਾਮੇ ਹੁੰਦੇ ਹਨ। ਸਮਝਦੇ ਹਨ ਗੱਲ ਤਾਂ ਰਾਈਟ ਹੈ ਅਸੀਂ ਗਲਾਨੀ ਕਰਦੇ ਸੀ ਕਿ ਇਹ ਬ੍ਰਹਮਾਕੁਮਾਰੀਆਂ ਭਰਾ - ਭੈਣ ਬਣਾਉਂਦੀ ਹੈ, ਪਰ ਗੱਲ ਤਾਂ ਬਰੋਬਰ ਰਾਈਟ ਹੈ। ਜਦੋਂ ਤੱਕ ਅਸੀਂ ਪ੍ਰਜਾਪਿਤਾ ਬ੍ਰਹਮਾ ਦੇ ਬੱਚੇ ਨਹੀਂ ਬਣੇ ਹਾਂ ਉਦੋਂ ਤੱਕ ਪਵਿੱਤਰ ਕਿਵੇਂ ਰਹਿ ਸਕਣਗੇ, ਕ੍ਰਿਮੀਨਲ ਆਈ ਤੋਂ ਸਿਵਿਲ

ਆਈ ਕਿਵੇ ਬਣ ਸਕਦੀ ਹੈ। ਇਹ ਯੁਕਤੀ ਬੜੀ ਚੰਗੀ ਹੈ - ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਹਾਂ ਤਾਂ ਭਰਾ -ਭੈਣ ਹੋ ਗਏ। ਇਸਵਿੱਚ ਬੜੀ ਮਦਦ ਮਿਲਦੀ ਹੈ, ਸਿਵਿਲ ਆਈ ਬਣਨ ਵਿੱਚ। ਬ੍ਰਾਹਮਣਾ ਦਾ ਕਰਤਵ ਵੀ ਹੈ ਨਾ। ਬ੍ਰਹਮਾ ਦ੍ਵਾਰਾ ਦੇਵੀ - ਦੇਵਤਾ ਧਰਮ ਦੀ ਸਥਾਪਨਾ ਮਤਲਬ ਮਨੁੱਖ ਤੋਂ ਦੇਵੱਤਾ ਬਣਨਾ।

ਬਾਪ ਆਉਂਦੇ ਹੀ ਹਨ ਪੁਰਸ਼ੋਤਮ ਸੰਗਮਯੁਗ ਤੇ। ਤਾਂ ਸਮਝਾਉਣ ਦੀ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਬਾਪ ਦਾ ਪਰਿਚੇ ਦੇਣ ਲਈ ਹੀ ਸੈਂਟਰਸ ਖੋਲ੍ਹੇ ਜਾਂਦੇ ਹਨ। ਬੇਹੱਦ ਦੇ ਬਾਪ ਕੋਲੋਂ ਬੇਹੱਦ ਦਾ ਵਰਸਾ ਲੈਣਾ ਹੈ। ਭਗਵਾਨ ਤਾਂ ਹੈ ਨਿਰਾਕਾਰ। ਸ਼੍ਰੀਕ੍ਰਿਸ਼ਨ ਤੇ ਦੇਹਧਾਰੀ ਹੈ, ਉਹਨਾਂ ਨੂੰ ਭਗਵਾਨ ਕਹਿ ਨਹੀਂ ਸਕਦੇ। ਕਹਿੰਦੇ ਵੀ ਹਨ ਭਗਵਾਨ ਆਕੇ ਭਗਤੀ ਦਾ ਫਲ ਦੇਣਗੇ ਪਰ ਭਗਵਾਨ ਦਾ ਪਰਿਚੇ ਨਹੀਂ ਹੈ। ਕਿੰਨਾ ਤੁਸੀਂ ਸਮਝਾਉਂਦੇ ਹੋ ਫਿਰ ਵੀ ਸਮਝਦੇ ਨਹੀਂ। ਦੇਹਧਾਰੀ ਤਾਂ ਪੁਨਰਜਨਮ ਵਿੱਚ ਆਉਂਦੇ ਹਨ ਜਰੂਰ। ਹੁਣ ਉਹਨਾਂ ਨੂੰ ਵਰਸਾ ਮਿਲ ਨਾ ਸਕੇ। ਆਤਮਾਵਾਂ ਨੂੰ ਇੱਕ ਪਰਮਪਿਤਾ ਪਰਮਾਤਮਾ ਕੋਲੋਂ ਵਰਸਾ ਮਿਲਦਾ ਹੈ। ਮਨੁੱਖ, ਮਨੁੱਖ ਨੂੰ ਜੀਵਨਮੁਕਤੀ ਦੇ ਨਾ ਸਕੇ। ਇਹ ਵਰਸਾ ਪਾਉਣ ਦੇ ਲਈ ਤੁਸੀਂ ਬੱਚੇ ਪੁਰਸ਼ਾਰਥ ਕਰ ਰਹੇ ਹੋ। ਉਸ ਬਾਪ ਨੂੰ ਪਾਉਣ ਦੇ ਲਈ ਤੁਸੀਂ ਕਿੰਨਾ ਭਟਕਦੇ ਸੀ। ਪਹਿਲੇ ਤਾਂ ਸਿਰਫ਼ ਇੱਕ ਸ਼ਿਵ ਦੀ ਪੂਜਾ ਕਰਦੇ ਸੀ, ਹੋਰ ਕਿਸੇ ਵਲ ਜਾਂਦੇ ਨਹੀਂ ਸੀ। ਉਹ ਸੀ ਆਵਿੱਭਚਾਰੀ ਭਗਤੀ, ਹੋਰਾਂ ਦੇ ਮੰਦਿਰ ਆਦਿ ਏਨੇ ਨਹੀਂ ਸਨ। ਹੁਣ ਤਾਂ ਢੇਰ ਚਿੱਤਰ ਹਨ, ਮੰਦਿਰ ਆਦਿ ਬਣਾਉਂਦੇ ਹਨ। ਭਗਤੀ ਮਾਰਗ ਵਿੱਚ ਤੁਹਾਨੂੰ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਤੁਸੀਂ ਜਾਣਦੇ ਹੋ ਸ਼ਾਸ਼ਤਰਾਂ ਵਿੱਚ ਕੋਈ ਗਤੀ - ਸਦਗਤੀ ਦਾ ਰਸਤਾ ਨਹੀਂ ਹੈ, ਉਹ ਤਾਂ ਇੱਕ ਬਾਪ ਹੀ ਦਸਦੇ ਹਨ। ਭਗਤੀ ਮਾਰਗ ਵਿੱਚ ਕਿੰਨੇ ਮੰਦਿਰ ਬਣਾਉਂਦੇ ਰਹਿੰਦੇ ਹਨ। ਅਸਲ ਵਿੱਚ ਮੰਦਿਰ ਸਿਰਫ਼ ਹੁੰਦੇ ਹਨ ਦੇਵੀ - ਦੇਵਤਾ ਦੇ ਹੋਰ ਕੋਈ ਮਨੁੱਖ ਦਾ ਮੰਦਿਰ ਬਣਦਾ ਨਹੀਂ ਕਿਉਂਕਿ ਮਨੁੱਖ ਤਾਂ ਹਨ ਪਤਿਤ। ਪਤਿਤ ਮਨੁੱਖ ਪਾਵਨ ਦੇਵਤਾਵਾਂ ਦੀ ਪੂਜਾ ਕਰਦੇ ਹਨ। ਭਾਵੇਂ ਹਨ ਵੀ ਮਨੁੱਖ, ਪਰ ਉਹਨਾਂ ਵਿੱਚ ਦੈਵੀਗੁਣ ਹਨ, ਜਿਨ੍ਹਾਂ ਵਿੱਚ ਦੈਵੀਗੁਣ ਨਹੀਂ ਹੈ ਉਹ ਉਹਨਾਂ ਦੀ ਪੂਜਾ ਕਰਦੇ ਹਨ। ਤੁਸੀਂ ਖੁਦ ਵੀ ਪੂਜਯ ਸੀ, ਫਿਰ ਪੁਜਾਰੀ ਬਣੇ ਹੋ। ਮਨੁੱਖ ਦੀ ਭਗਤੀ ਕਰਨਾ ਜਾਂ ਇਹ 5 ਤੱਤਵਾਂ ਦੀ ਭਗਤੀ ਕਰਨਾ। ਸ਼ਰੀਰ ਤੇ 5 ਤੱਤਵਾ ਦਾ ਬਣਿਆ ਹੋਇਆ ਹੈ। ਹੁਣ ਬੱਚਿਆਂ ਨੂੰ ਮੁਕਤੀਧਾਮ ਵਿੱਚ ਚੱਲਣਾ ਹੈ, ਜਿਸਦੇ ਲਈ ਇੰਨੀ ਭਗਤੀ ਕੀਤੀ ਹੈ। ਹੁਣ ਆਪਣੇ ਨਾਲ ਲੈ ਚੱਲਦਾ ਹਾਂ। ਤੁਸੀਂ ਸਤਿਯੁਗ ਵਿੱਚ ਚਲੇ ਜਾਓਗੇ । ਬਾਪ ਆਏ ਹੀ ਹਨ ਪਾਵਨ ਦੁਨੀਆਂ ਵਿੱਚ ਲੈ ਚੱਲਣ। ਪਾਵਨ ਦੁਨੀਆਂ ਹੈ ਹੀ ਦੋ -ਮੁਕਤੀ ਅਤੇ ਜੀਵਨਮੁਤੀ। ਬਾਪ ਕਹਿੰਦੇ ਹਨ - ਮਿੱਠੇ - ਮਿੱਠੇ ਬੱਚਿਓ, ਮੈਂ ਕਲਪ-ਕਲਪ ਸੰਗਮਯੁਗ ਤੇ ਆਉਂਦਾ ਹਾਂ। ਤੁਸੀਂ ਭਗਤੀ ਮਾਰਗ ਵਿੱਚ ਕਿੰਨੇ ਦੁੱਖ ਉਠਾਉਂਦੇ ਹੋ। ਗੀਤ ਵੀ ਹੈ ਨਾ - ਚਾਰੋਂ ਪਾਸੇ ਲਗਾਏ ਫੇਰੇ ... ਦੂਰ ਰਹੇ ਕਿਸ ਤੋਂ ਬਾਪ ਕੋਲੋਂ। ਬਾਪ ਨੂੰ ਲੱਭਣ ਦੇ ਲਈ ਜਨਮ ਬਾਈ ਜਨਮ ਫੇਰੇ ਲਗਾਏ ਪਰ ਫਿਰ ਵੀ ਬਾਪ ਕੋਲੋਂ ਦੂਰ ਰਹੇ ਇਸਲਈ ਬੁਲਾਉਂਦੇ ਹਨ ਹੇ ਪਤਿਤ - ਪਾਵਨ ਆਓ, ਆਕੇ ਪਾਵਨ ਬਣਾਓ। ਬਾਪ ਦੇ ਸਿਵਾਏ ਹੋਰ ਕੋਈ ਬਣਾ ਨਾ ਸਕੇ। ਤਾਂ ਖੇਡ ਹੀ 5 ਹਜ਼ਾਰ ਵਰ੍ਹੇ ਦਾ ਹੈ। ਡਰਾਮੇ ਅਨੁਸਾਰ ਹਰ ਇੱਕ ਪੁਰਸ਼ਾਰਥ ਕਰਦੇ ਹਨ, ਜਿਸ ਤਰ੍ਹਾਂ ਕਲਪ ਪਹਿਲੇ ਕੀਤਾ ਹੈ, ਉਸ ਅਨੁਸਾਰ ਹੀ ਰਾਜਧਾਨੀ ਸਥਾਪਨ ਹੋ ਰਹੀ ਹੈ। ਸਭ ਇੱਕ ਵਰਗਾ ਤਾਂ ਨਹੀਂ ਪੜ੍ਹਨਗੇ। ਇਹ ਪਾਠਸ਼ਾਲਾ ਹੈ ਨਾ। ਰਾਜਯੋਗ ਦੀ ਪੜ੍ਹਾਈ ਹੈ ਜੋ ਦੇਵੀ - ਦੇਵਤਾ ਧਰਮ ਦੇ ਹੋਣਗੇ ਉਹ ਨਿਕਲ ਆਉਣਗੇ। ਮੂਲਵਤਨ ਵਿੱਚ ਵੀ ਜੋ ਗਿਣਤੀ ਹੈ, ਉਹ ਏਕੁਰੇਟ ਹੋਵੇਗੀ। ਘੱਟ ਜਾਸਤੀ ਨਹੀਂ। ਨਾਟਕ ਵਿੱਚ ਐਕਟਰਸ ਦਾ ਅੰਦਾਜ਼ ਬਿਲਕੁਲ ਪੂਰਾ ਹੈ। ਪਰ ਸਮਝ ਨਹੀਂ ਸਕਦੇ। ਜਿੰਨੇ ਵੀ ਹਨ, ਓਨੇ ਏਕੁਰੇਟ ਹਨ ਫਿਰ ਵੀ ਉਹ ਆਕੇ ਪਾਰ੍ਹ ਵਜਾਉਣਗੇ। ਫਿਰ ਤੁਸੀਂ ਆਉਂਦੇ ਹੋ ਨਵੀਂ ਦੁਨੀਆਂ ਵਿੱਚ। ਬਾਕੀ ਸਭ ਉੱਥੇ ਚਲੇ ਜਾਣਗੇ। ਹੁਣ ਕੋਈ ਗਿਣਤੀ ਕਰੇ ਤਾਂ ਉਹ ਕਰ ਸਕਦੇ ਹਨ। ਹੁਣ ਬਾਪ ਤੁਹਾਨੂੰ ਗੁਹੇ -ਗੁਹੇ ਪੋਇੰਟਸ ਦੱਸਦੇ ਹਨ। ਸ਼ੁਰੂ ਦੀ ਅਤੇ ਹੁਣ ਦੀ ਸਮਝਾਉਣੀ ਵਿੱਚ ਕਿੰਨਾ ਫ਼ਰਕ ਹੈ। ਪੜ੍ਹਾਈ ਵਿੱਚ ਟਾਇਮ ਲੱਗਦਾ ਹੈ। ਫਟ ਤੋਂ ਕੋਈ ਆਈ. ਸੀ. ਐਸ. ਨਹੀਂ ਬਣ ਜਾਣਗੇ। ਨੰਬਰਵਾਰ ਪੜਾਈ ਹੁੰਦੀ ਹੈ। ਬਾਪ ਕਿੰਨਾ ਸਹਿਜ ਕਰ ਸਮਝਾਉਂਦੇ ਹਨ ਜੋ ਮਨੁੱਖਾਂ ਦੀ ਬੁੱਧੀ ਵਿੱਚ ਸਹਿਜ ਬੈਠ ਸਕੇ। ਦਿਨ - ਪ੍ਰਤੀਦਿਨ ਨਵੀਆਂ -ਨਵੀਆਂ ਪੋਇੰਟਸ ਸਮਝਾਉਂਦੇ ਰਹਿੰਦੇ ਹਨ। ਹੁਣ ਬਾਪ ਕਹਿੰਦੇ ਹਨ ਮੈਨੂੰ ਪਤਿਤ - ਪਾਵਨ ਬਾਪ ਨੂੰ ਬੁਲਾਇਆ ਹੈ, ਮੈਂ ਆਇਆ ਹਾਂ ਤਾਂ ਤੁਸੀਂ ਪਾਵਨ ਬਣੋ ਨਾ। ਆਪਣੇ ਨੂੰ ਆਤਮਾ ਸਮਝ ਮਾਮੇਕਮ ਯਾਦ ਕਰੋ ਤਾਂ ਤੁਸੀਂ ਸਤੋਪ੍ਰਧਾਨ ਬਣ ਜਾਵੋਗੇ। ਫਿਰ ਇੱਥੇ ਆਉਣਾ ਪਵੇਗਾ ਪਾਰ੍ਹ ਵਜਾਉਣ। ਬਾਪ ਕਹਿੰਦੇ ਹਨ ਆਤਮਾ ਪਤਿਤ ਬਣੀ ਹੈ, ਇਸਲਈ ਪਤਿਤ - ਪਾਵਨ ਬਾਪ ਨੂੰ ਯਾਦ ਕਰਦੇ ਹਨ ਪਾਵਨ ਬਣਨ ਦੇ ਲਈ। ਕਿੰਨਾ ਵੰਡਰ ਹੈ ਇਨੀ ਛੋਟੀ ਜਿਹੀ ਆਤਮਾ ਕਿੰਨਾ ਪਾਰ੍ਹ ਵਜਾਉਂਦੀ ਹੈ, ਇਸਨੂੰ ਕੁਦਰਤ ਕਿਹਾ ਜਾਂਦਾ ਹੈ। ਉਹਨਾਂ ਨੂੰ ਦੇਖਿਆ ਨਹੀਂ ਜਾਂਦਾ ਹੈ। ਕਈ ਕਹਿੰਦੇ ਹਨ, ਅਸੀਂ ਪਰਮਾਤਮਾ ਦਾ ਸਾਕਸ਼ਾਤਕਾਰ ਕਰੀਏ। ਬਾਪ ਕਹਿੰਦੇ ਹਨ ਇੰਨੀ ਛੋਟੀ ਬਿੰਦੀ ਦਾ ਤੁਸੀਂ ਸਾਕਸ਼ਾਤਕਾਰ ਕੀ ਕਰੋਗੇ। ਮੈਂ ਜਾਨਣ ਲਾਇੱਕ ਹਾਂ, ਬਾਕੀ ਦੇਖਣਾ ਤਾਂ ਮੁਸ਼ਕਿਲ ਹੈ। ਆਤਮਾ ਨੂੰ ਇਹ ਸਭ ਕਰਮਇੰਦਰੀਆਂ ਮਿਲੀਆਂ ਹੋਈਆਂ ਹਨ ਪਾਰ੍ਹ ਵਜਾਉਣ ਦੇ ਲਈ। ਕਿੰਨਾ ਪਾਰ੍ਹ ਵਜਾਉਂਦੀ ਹੈ, ਇਹ ਵੰਡਰ ਹੈ। ਕਦੀ ਵੀ ਆਤਮਾ ਘਿਸਦੀ ਨਹੀਂ। ਇਹ ਹੈ ਅਵਿਨਾਸ਼ੀ ਡਰਾਮਾ। ਇਹ ਅਵਿਨਾਸ਼ੀ ਬਣਿਆ ਬਣਾਇਆ ਹੈ। ਕਦੋਂ ਬਣਿਆ - ਇਹ ਪੁੱਛ ਨਹੀਂ ਸਕਦੇ। ਇਹਨਾਂ ਨੂੰ ਅਨਾਦਿ ਕਿਹਾ ਜਾਂਦਾ ਹੈ। ਮਨੁੱਖਾਂ ਤੋਂ ਪੁੱਛੋ ਰਾਵਣ ਨੂੰ ਕਦੋਂ ਤੋਂ ਜਲਾਉਂਦੇ ਆਏ ਹਨ? ਸਾਸ਼ਤਰ ਕਦੋ ਤੋਂ ਪੜ੍ਹਦੇ ਆਏ ਹੋ? ਤਾਂ ਕਹਿ ਦਿੰਦੇ ਹਨ ਅਨਾਦਿ ਹੈ, ਪਤਾ ਨਹੀਂ ਹੈ। ਮੁੰਝੇ ਹੋਏ ਹਨ ਨਾ। ਬਾਪ ਬੈਠ ਸਮਝਾਉਂਦੇ ਹਨ, ਹੂਬਹੂ ਜਿਵੇਂ ਬੱਚਿਆਂ ਨੂੰ ਪੜ੍ਹਾਉਂਦੇ ਹਨ।

ਤੁਸੀਂ ਜਾਣਦੇ ਹੋ ਅਸੀਂ ਬਿਲਕੁਲ ਬੇਸਮਝ ਸੀ ਫਿਰ ਬੇਹੱਦ ਦੀ ਸਮਝ ਆ ਗਈ ਹੈ। ਉਹ ਹੁੰਦੀ ਹੈ ਹੱਦ ਦੀ ਪੜਾਈ ਇਹ ਹੈ ਬੇਹੱਦ ਦੀ। ਅੱਧਾਕਲਪ ਹੈ ਦਿਨ, ਅੱਧਾਕਲਪ ਹੈ ਰਾਤ। 21 ਜਨਮ ਤੁਸੀਂ ਰਿੰਚਕ ਵੀ ਦੁੱਖ ਨਹੀਂ ਪਾ ਸਕਦੇ। ਕਹਿੰਦੇ ਹਨ ਨਾ - ਸ਼ਲ ਤੁਹਾਡਾ ਬਾਲ ਵੀ ਬਾਂਕਾ ਨਾ ਹੋਵੇ। ਕੋਈ ਦੁੱਖ ਦੇ ਨਾ ਸਕੇ। ਨਾਮ ਹੀ ਹੈ ਸੁਖਧਾਮ। ਇੱਥੇ ਤਾਂ ਸੁਖ ਹੈ ਨਹੀਂ। ਮੂਲ ਗੱਲ ਹੀ ਹੈ ਪਵਿੱਤਰਤਾ ਦੀ।

ਕਰੈਕਟਰ ਚੰਗੇ ਚਾਹੀਦੇ ਹਨ ਨਾ।

ਬੱਚਿਆਂ ਨੂੰ ਹਰ ਗੱਲ ਕਲੀਅਰ ਸਮਝਾਈ ਜਾਂਦੀ ਹੈ। ਨੁਕਸਾਨ ਤੇ ਫਾਇਦਾ ਹੁੰਦਾ ਹੈ ਨਾ। ਹੁਣ ਤਾਂ ਬਾਪ ਕਹਿੰਦੇ ਹਨ ਫਾਇਦੇ ਦੀ ਗੱਲ ਹੀ ਛੁੱਟੀ। ਹੁਣ ਤੇ ਨੁਕਸਾਨ ਹੀ ਨੁਕਸਾਨ ਹੋਣਾ ਦਾ ਹੈ। ਵਿਨਾਸ਼ ਦਾ ਸਮੇਂ ਆ ਰਿਹਾ ਹੈ ਉਸ ਸਮੇਂ ਦੇਖਣਾ ਕੀ - ਕੀ ਹੁੰਦਾ ਹੈ। ਬਰਸਾਤ ਨਹੀਂ ਹੁੰਦੀ ਹੈ ਤਾਂ ਅਨਾਜ਼ ਦੀ ਕਿੰਨੀ ਮਹਿੰਗਾਈ ਹੋ ਜਾਂਦੀ ਹੈ। ਭਾਵੇਂ ਕਿੰਨੇ ਵੀ ਕਹਿੰਦੇ ਹਨ 3 ਵਰ੍ਹੇ ਬਾਦ ਬਹੁਤ ਅਨਾਜ਼ ਹੋਵੇਗਾ ਫਿਰ ਵੀ ਅਨਾਜ਼ ਬਾਹਰ ਤੋਂ ਮੰਗਵਾਉਂਦੇ ਰਹਿੰਦੇ ਹਨ। ਇਵੇਂ ਦਾ ਸਮੇਂ ਆਏਗਾ ਜੋ ਇਕ ਦਾਣਾ ਵੀ ਨਹੀਂ ਮਿਲ ਸਕੇਗਾ। ਇੰਨੀਆਂ ਆਪਦਾਵਾਂ ਆਉਣੀਆਂ ਹਨ, ਇਹਨਾਂ ਨੂੰ ਈਸ਼ਵਰੀ ਆਪਦਾਵਾਂ ਕਹਿੰਦੇ ਹਨ। ਬਰਸਾਤ ਨਹੀਂ ਪਵੇਗੀ ਤਾਂ ਅਕਾਲ ਜ਼ਰੂਰ ਪਵੇਗਾ। ਸਭ ਤੱਤਵ ਆਦਿ ਵਿਗੜਨ ਵਾਲੇ ਹਨ। ਬਹੁਤ ਜਗ੍ਹਾ ਤਾਂ ਬਰਸਾਤ ਨੁਕਸਾਨ ਕਰ ਦਿੰਦੀ ਹੈ।

ਤੁਸੀਂ ਬੱਚੇ ਜਾਣਦੇ ਹੋ ਬਾਪ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰ ਰਹੇ ਹਨ। ਤੁਹਾਡੀ ਏਮ ਆਬਜੈਕਟ ਹੈ ਇਹ, ਫਿਰ ਵੀ ਤੁਹਾਨੂੰ ਨਰ ਤੋਂ ਨਾਰਾਇਣ ਬਣਾਉਂਦੇ ਹਨ। ਇਹ ਹੈ ਬੇਹੱਦ ਦਾ ਪਾਠ ਬੇਹੱਦ ਦਾ ਬਾਪ ਹੀ ਪੜ੍ਹਾਉਂਦੇ ਹਨ। ਜੋ ਜਿਵੇਂ ਪੜ੍ਹੇਗਾ, ਉਵੇਂ ਦਾ ਪਦ ਪਾਏਗਾ। ਬਾਪ ਤਾਂ ਪੁਰਸ਼ਾਰਥ ਕਰਾਉਂਦੇ ਹਨ। ਪੁਰਸ਼ਾਰਥ ਘਟ ਕਰਾਂਗੇ ਤਾਂ ਪਦਵੀ ਵੀ ਘਟ ਪਾਓਗੇ। ਟੀਚਰ ਵੀ ਸਟੂਡੈਂਟ ਨੂੰ ਸਮਝਾਉਣਗੇ ਨਾ। ਦੂਸਰੇ ਨੂੰ ਜਦੋਂ ਆਪ ਸਮਾਨ ਬਣਾਉਂਦੇ ਹਨ, ਉਦੋਂ ਪਤਾ ਪੈਂਦਾ ਹੈ ਇਹ ਚੰਗੀ ਤਰ੍ਹਾਂ ਪੜ੍ਹਦੇ ਅਤੇ ਪੜ੍ਹਾਉਂਦੇ ਹਨ। ਮੂਲ ਹੈ ਹੀ ਯਾਦ ਦੀ ਯਾਤਰਾ, ਸਿਰ ਤੇ ਪਾਪਾਂ ਦਾ ਬੋਝ ਬਹੁਤ ਹੈ, ਮੈਨੂੰ ਯਾਦ ਕਰੋ ਤਾਂ ਪਾਪ ਭਸਮ ਹੋਣਗੇ। ਇਹ ਹੈ ਰੂਹਾਨੀ ਯਾਤਰਾ ਛੋਟੇ ਬੱਚਿਆਂ ਨੂੰ ਵੀ ਸਿਖਾਓ ਕਿ ਸ਼ਿਵਬਾਬਾ ਨੂੰ ਯਾਦ ਕਰੋ। ਉਹਨਾਂ ਦਾ ਵੀ ਹੱਕ ਹੈ। ਇਹ ਨਹੀਂ ਸਮਝਣਗੇ ਕਿ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ, ਨਹੀਂ, ਸਿਰਫ਼ ਸ਼ਿਵਬਾਬਾ ਨੂੰ ਯਾਦ ਕਰਨਗੇ। ਮਿਹਨਤ ਕਰਨ ਨਾਲ ਵੀ ਉਹਨਾਂ ਦਾ ਕਲਿਆਣ ਹੋ ਸਕਦਾ ਹੈ। ਅੱਛਾ!

ਮਿੱਠੇ - ਮਿੱਠੇ ਸਿਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ - ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਦੇ ਲਈ ਮੁੱਖ ਸਾਰ :-

1) ਨਰ ਤੋਂ ਨਾਰਾਇਣ ਪਦਵੀ ਪ੍ਰਾਪਤ ਕਰਨ ਦੇ ਲਈ ਬੇਹੱਦ ਦੇ ਬਾਪ ਕੋਲੋਂ ਬੇਹੱਦ ਦਾ ਪਾਠ ਪੜ੍ਹਕੇ ਦੂਸਰਿਆਂ ਨੂੰ ਪੜ੍ਹਾਉਣਾ ਹੈ। ਆਪ ਸਮਾਨ ਬਣਾਉਣ ਦੀ ਸੇਵਾ ਕਰਨੀ ਹੈ।

2) ਲੋਭ, ਮੋਹ ਦੀ ਜੋ ਰਗ ਹੈ ਉਹਨਾਂ ਨੂੰ ਨਿਕਾਲਣ ਦੀ ਮਿਹਨਤ ਕਰਨੀ ਹੈ। ਆਪਣੇ ਚਰਿਤ੍ਰ ਨੂੰ ਇਵੇਂ ਸੁਧਾਰਨਾ ਹੈ ਜੋ ਕੋਈ ਭੂਤ ਅੰਦਰ ਪ੍ਰਵੇਸ਼ ਹੋ ਨਾ ਪਾਏ।

ਵਰਦਾਨ:- ਭਗਵਾਨ ਅਤੇ ਭਾਗ ਦੀ ਸਮ੍ਰਿਤੀ ਨਾਲ ਹੋਰਾਂ ਦਾ ਵੀ ਭਾਗ ਬਣਾਉਣ ਵਾਲੇ ਖੁਸ਼ਨੁਮ: ਖੁਸ਼ਨਸੀਬ ਭਵ

ਅੰਮ੍ਰਿਤਵੇਲੇ ਤੋਂ ਲੈਕੇ ਰਾਤ ਤੱਕ ਵੱਖ - ਵੱਖ ਭਾਗ ਨੂੰ ਸਮ੍ਰਿਤੀ ਵਿੱਚ ਲਿਆਓ ਅਤੇ ਇਹੀ ਗੀਤ ਗਾਉਂਦੇ ਰਹੋ ਵਾਹ ਮੇਰਾ ਸ਼੍ਰੇਸ਼ਠ ਭਾਗ। ਜੋ ਭਗਵਾਨ ਅਤੇ ਭਾਗ ਦੀ ਸਮ੍ਰਿਤੀ ਵਿੱਚ ਰਹਿੰਦੇ ਹਨ ਉਹ ਹੀ ਹੋਰਾਂ ਨੂੰ ਭਾਗਵਾਨ ਬਣਾ ਸਕਦੇ ਹਨ। ਬ੍ਰਾਹਮਣ ਮਾਨਾ ਹੀ ਸਦਾ ਭਾਗਵਾਨ, ਸਦਾ ਖੁਸ਼ਨਸੀਬ। ਕਿਸੇ ਦੀ ਹਿੰਮਤ ਨਹੀਂ ਜੋ ਬ੍ਰਾਹਮਣ ਆਤਮਾ ਦੀ ਖੁਸ਼ੀ ਘਟ ਕਰ ਸਕੇ। ਹਰ ਇੱਕ ਖੁਸ਼ਨੁਮ:, ਖੁਸ਼ਨਸੀਬ ਹੋਵੇ। ਬ੍ਰਾਹਮਣ ਜੀਵਨ ਵਿੱਚ ਖੁਸ਼ੀ ਦਾ ਜਾਣਾ ਅਸੰਭਵ ਹੈ, ਭਾਵੇਂ ਸ਼ਰੀਰ ਚਲਾ ਜਾਏ ਪਰ ਖੁਸ਼ੀ ਜਾ ਨਹੀਂ ਸਕਦੀ।

ਸਲੋਗਨ:- ਮਾਇਆ ਦੇ ਝੁੱਲੇ ਨੂੰ ਛੱਡ ਅਤਿਇੰਦਰੀਆਂ ਸੁਖ ਦੇ ਝੁੱਲੇ ਵਿੱਚ ਸਦਾ ਰਹੋ।

******